# Planning Vancouver Together

# “ਭਵਿੱਖ ਤੋਂ ਪਰਦਾ ਚੁੱਕਣਾ” ਰਿਪੋਰਟ ਦਾ ਸੰਖੇਪ

## ਜਾਣ-ਪਛਾਣ

- ਇਹ ਦਸਤਾਵੇਜ਼ Vancouver Plan (ਵੈਨਕੂਵਰ ਪਲੈਨ) “**ਭਵਿੱਖ ਤੋਂ ਪਰਦਾ ਚੁੱਕਣਾ**” ਰਿਪੋਰਟ ਨੂੰ ਸੰਖੇਪ ਵਿਚ ਦੱਸਦਾ ਹੈ, ਜਿਸ ਵਿਚ ਤਬਦੀਲੀ ਦੇ ਉੱਭਰ ਰਹੇ ਸੰਕੇਤਾਂ ਦੀ ਰੂਪਰੇਖਾ ਹੈ। ਇਹ **Scenario Planning** (ਸਿਨਾਰਿਓ ਪਲੈਨਿੰਗ) ਅਤੇ **Foresight** Methodology (ਫ਼ੋਰਸਾਈਟ ਮੈਥੋਡੋਲੋਜੀ) ਬਾਰੇ ਜਾਣਕਾਰੀ ਦੇਣ ਵਿਚ ਮਦਦ ਕਰਦਾ ਹੈ ਜੋ ਕਿ ਉਹ ਮਾਧਿਅਮ ਹਨ ਜਿਨ੍ਹਾਂ ਦੀ ਵਰਤੋਂ, Vancouver Plan (ਵੈਨਕੂਵਰ ਪਲੈਨ – ਜੋ ਕਿ ਸ਼ਹਿਰ ਭਰ ਵਿਚ ਪਲੈਨਿੰਗ ਕਰਨ ਦਾ ਤਰੀਕਾ ਹੈ) ਦੇ ਹਿੱਸੇ ਵਜੋਂ ਸ਼ਹਿਰ ਦੇ ਸੰਭਵ ਭਵਿੱਖਾਂ ਦਾ ਪਤਾ ਲਾਉਣ ਲਈ ਸਿਟੀ ਆਫ ਵੈਨਕੂਵਰ ਕਰ ਰਿਹਾ ਹੈ।
- “**ਭਵਿੱਖ ਤੋਂ ਪਰਦਾ ਚੁੱਕਣਾ**” ਰਿਪੋਰਟ, ਵੱਡੇ ਪੱਧਰ ਦੀ ਲਿਖਤੀ ਜਾਣਕਾਰੀ ਦੇ ਰਿਵੀਊ ਤੋਂ ਅਤੇ ਵੱਖ ਵੱਖ ਖੇਤਰਾਂ ਤੋਂ ਹਿੱਸਾ ਲੈਣ ਵਾਲੇ ਲੋਕਾਂ ਨਾਲ 2020 ਦੀ ਬਹਾਰ ਰੁੱਤ ਵਿਚ ਕੀਤੀਆਂ ਗਈਆਂ ਇੰਟਰਵਿਊਆਂ ਤੋਂ ਤਿਆਰ ਕੀਤੀ ਗਈ ਸੀ, ਜਿਨ੍ਹਾਂ ਵਿਚ ਟ੍ਰਾਂਸਪੋਰਟੇਸ਼ਨ, ਸ਼ਹਿਰੀ ਵਿਕਾਸ, ਸ਼ਾਸਨ, ਪਰਉਪਕਾਰੀ, ਕਲਾ ਅਤੇ ਸਭਿਆਚਾਰ, ਵਿਦਿਆ, ਵਿੱਤ, ਰੀਟੇਲ, ਹੈਲਥਕੇਅਰ, ਰਜ਼ਿਲੀਐਂਸ, ਸਸਟੇਨੇਬਿਲਟੀ, ਅਤੇ ਕੁਦਰਤੀ ਸਿਸਟਮ, ਸਮਾਜਿਕ ਬਰਾਬਰਤਾ ਅਤੇ ਕਾਰਪੋਰੇਟ ਸੈਕਟਰ ਸ਼ਾਮਲ ਹਨ।
- ਇਹ ਜਾਣਕਾਰੀ ਹਿੱਤ ਰੱਖਣ ਵਾਲੀਆਂ ਵੱਖ ਵੱਖ ਧਿਰਾਂ ਨਾਲ ਸਾਂਝੀ ਕੀਤੀ ਜਾਵੇਗੀ। ਇਹ ਪ੍ਰੋਜੈਕਟ ਦੇ ਅਗਲੇ ਪੜਾ ਵਿਚ ਆਪਣੀ ਇਨਪੁੱਟ ਪਾਉਂਦੀ ਹੈ, ਜਿਹੜੀ Vancouver Plan (ਵੈਨਕੂਵਰ ਪਲੈਨ) ਲਈ ਪੌਲਸੀ ਨਾਲ ਸੰਬੰਧਿਤ ਫੈਸਲੇ ਕਰਨ ਵਿਚ ਵੱਖ ਵੱਖ ਪੜਤਾਲਵੇਂ ਦ੍ਰਿਸ਼ ਵਿਕਸਤ ਕਰੇਗੀ।
- ਹੋਰ ਵਿਆਖਿਆਵਾਂ ਲਈ ਹੇਠਾਂ **ਸ਼ਬਦਾਵਲੀ** ਵਾਲਾ ਭਾਗ ਦੇਖੋ।

## ਤਬਦੀਲੀ ਦੇ ਚਾਲਕ

- ਤਬਦੀਲੀ ਦੇ ਚਾਲਕ (ਡਰਾਈਵਰਜ਼ ਔਫ ਚੇਂਜ) ਹੌਲੀ ਹੌਲੀ ਮੂਵ ਹੋ ਰਹੀਆਂ ਅਤੇ ਡੂੰਘੀਆਂ ਤਾਕਤਾਂ ਹਨ ਜਿਹੜੀਆਂ ਗਲੋਬਲ ਅਤੇ ਸਥਾਨਕ ਹਾਲਤਾਂ ਨੂੰ ਘੜਦੀਆਂ ਹਨ ਅਤੇ ਲੰਮੇ ਸਮੇਂ ਦੌਰਾਨ ਚੱਲਦੀਆਂ ਹਨ।
- ਤਬਦੀਲੀ ਦੇ ਜਿਹੜੇ ਮੁੱਖ ਚਾਲਕ ਵੈਨਕੂਵਰ ਦੇ ਭਵਿੱਖ ਨੂੰ ਪ੍ਰਭਾਵਿਤ ਕਰਨਗੇ ਉਨ੍ਹਾਂ ਵਿਚ ਸ਼ਾਮਲ ਹਨ: ਜਨ-ਅੰਕੜਿਆਂ ਵਿਚ ਤਬਦੀਲੀਆਂ, ਭਿੰਨ ਹੋ ਰਹੀ ਆਬਾਦੀ, ਆਦਿਵਾਸੀ ਲੋਕਾਂ ਨਾਲ ਸੁਲ੍ਹਾ, ਲਾਗ ਨਾਲ ਲੱਗਣ ਵਾਲੀਆਂ ਬੀਮਾਰੀਆਂ, ਗਲੋਬਲ ਸ਼ਹਿਰੀਕਰਣ, ਟੈਕਨੌਲੋਜੀ ਵਿਚ ਤੇਜ਼ੀ ਨਾਲ ਤਰੱਕੀਆਂ, ਔਟੋਮੇਸ਼ਨ, ਭੁਚਾਲ ਨਾਲ ਸੰਬੰਧਿਤ ਸੰਭਾਵੀ ਖਤਰਾ, ਅਤੇ ਜਲਵਾਯੂ ਦੇ ਸੰਕਟ।

## ਤਬਦੀਲੀਆਂ ਅਤੇ ਸੰਕੇਤ

- ਤਬਦੀਲੀਆਂ ਇਕ ਹਾਲਤ ਤੋਂ ਦੂਜੀ ਹਾਲਤ ਵੱਲ ਦਿਸ਼ਾ ਵਿੱਚ ਬਦਲਾਵ ਦਿਖਾਉਂਦੀਆਂ ਹਨ। ਹੇਠਾਂ ਦੱਸੀ ਗਈ ਹਰ ਤਬਦੀਲੀ ਦੀ ਚਾਰ ਸੰਕੇਤ ਹਿਮਾਇਤ ਕਰਦੇ ਹਨ ਜਿਹੜੇ ਵੈਨਕੂਵਰ ਲਈ ਉੱਭਰ ਰਹੇ ਮਾਮਲੇ ਹਨ।

# ਤਬਦੀਲੀ 1 - ਅਸੀਂ ਕੌਣ ਹੋਵਾਂਗੇ?

ਇਹ ਪਤਾ ਲਾਉਂਦੀ ਹੈ ਕਿ ਅਸੀਂ ਵਿਅਕਤੀਆਂ ਵਜੋਂ ਕਿਵੇਂ ਬਦਲ ਸਕਦੇ ਹਾਂ।



### 1) ਸੰਕੇਤ: ਬਿਹਤਰ ਸਿਹਤ

ਜੈਨੇਟਿਕ ਵਿਚ ਵਾਧਾ ਅਤੇ ਪਹਿਨਣਯੋਗ ਯੰਤਰ ਇਨਸਾਨਾਂ ਨੂੰ ਸਰੀਰਕ ਅਤੇ ਬੌਧਿਕ ਬਾਧਾਵਾਂ ਨੂੰ ਪਾਰ ਕਰਨ ਦਿੰਦੇ ਹਨ। ਆਬਾਦੀਆਂ ਵਿਚ ਸਿਹਤ ਲਈ ਲਾਭਾਂ ਦੀ ਨਾਬਰਾਬਰ ਵੰਡ ਇਕ ਫਿਕਰ ਹੈ ਅਤੇ ਪ੍ਰਾਈਵੇਸੀ, ਡੈਟੇ ਦੀ ਮਾਲਕੀ ਅਤੇ ਨਿੱਜੀ ਸਰਗਰਮੀਆਂ 'ਤੇ ਨੈਤਿਕ ਵਿਚਾਰ ਉਠਾਏ ਜਾਂਦੇ ਹਨ।

### 2) ਸੰਕੇਤ: ਮਾਨਸਿਕ ਸਿਹਤ

ਵਿਅਕਤੀਆਂ ਦੀ ਮਾਨਸਿਕ ਸਿਹਤ ਦਬਾ ਹੇਠ ਹੁੰਦੀ ਹੈ ਜਿਸ 'ਤੇ ਰੌਲੇ ਵਾਲੇ, ਭੀੜ ਵਾਲੇ ਰਿਹਾਇਸ਼ੀ ਮਾਹੌਲਾਂ; ਇਲਾਕੇ ਅਤੇ ਦੁਨੀਆ ਭਰ ਵਿਚ ਵਾਤਾਵਰਣ ਨਾਲ ਸੰਬੰਧਿਤ ਆਫ਼ਤਾਂ; ਮਾਸ ਸ਼ੂਟਿੰਗਜ਼ ਵਿਚ ਬੇਕਸੂਰਾਂ ਉੱਪਰ ਹਿੰਸਕ ਹਮਲਿਆਂ; ਖਾਣੇ ਦੀ ਅਸੁਰੱਖਿਆ ਅਤੇ ਪ੍ਰਵਾਸ; ਅਤੇ ਨਾਂਹਪੱਖੀ ਰਾਜਨੀਤਕ ਧੋਖਿਆਂ ਦਾ ਹੋਰ ਵੀ ਅਸਰ ਪੈਂਦਾ ਹੈ। ਇਹ ਉਨ੍ਹਾਂ ਲਈ ਵਿਸ਼ੇਸ਼ ਚਿੰਤਾ ਦਾ ਵਿਸ਼ਾ ਹੈ ਜਿਨ੍ਹਾਂ ਨੇ ਪਹਿਲਾਂ ਹੋਰ ਵੀ ਸਦਮੇ ਦਾ ਅਨੁਭਵ ਕੀਤੇ ਹਨ।

### 3) ਸੰਕੇਤ: ਅਪਲਾਇਡ ਆਰਟੀਫੀਸ਼ੀਅਲ ਇਨਟੈਲੀਜੈਂਸ (ਏ ਆਈ)

ਏ ਆਈ ਵੱਖ ਵੱਖ ਖੇਤਰਾਂ ਵਿਚ ਵਰਤੋਂ ਲਈ ਯਕੀਨ ਕਰਨ ਯੋਗ "ਬਣਾਵਟੀ ਮਨੁੱਖ" ਪੈਦਾ ਕਰ ਰਹੀ ਹੈ। ਇਹ ਤਸਦੀਕ ਕਰਨ ਯੋਗ ਜਾਣਕਾਰੀ ਨੂੰ ਪ੍ਰਮਾਣਿਤ ਕਰਨਾ ਜ਼ਿਆਦਾ ਔਖਾ ਬਣਾਉਂਦੀ ਹੈ ਅਤੇ ਜਾਣਕਾਰੀ ਵਿਚ ਹੇਰਾਫੇਰੀ ਦੀ ਸੰਭਾਵਨਾ ਪੈਦਾ ਕਰਦੀ ਹੈ।



### 4) ਸੰਕੇਤ: ਨਿਆਂ/ਬੇਇਨਸਾਫੀ

ਭਾਵੇਂ ਵੈਨਕੂਵਰ ਦੀ ਆਬਾਦੀ ਮੁੱਖ ਤੌਰ 'ਤੇ ਬਹੁਸਭਿਆਚਾਰਕ, ਬਹੁਨਸਲੀ ਆਬਾਦੀ ਵੱਲ ਸ਼ਿਫਟ ਕਰ ਗਈ ਹੈ ਫਿਰ ਵੀ ਸਿਸਟਮਬੱਧ ਨਸਲਵਾਦ ਕਾਇਮ ਹੈ, ਜੋ ਕਿ ਅਜਿਹੇ ਫੈਸਲੇ ਕਰਨ ਵਾਲਿਆਂ ਦੀ ਲੋੜ ਨੂੰ ਉਜਾਗਰ ਕਰਦੀ ਹੈ ਜਿਹੜੇ ਮਿਉਨਿਸਪਲ ਮਾਮਲਿਆਂ ਵਿਚ ਆਮ ਆਬਾਦੀ ਦਾ ਅਕਸ ਦਿਖਾਉਂਦੇ ਹੋਣ।ਜ਼ਮੀਨੀ ਵਿਕਾਸ ਰਾਹੀਂ ਫਸਟ ਨੇਸ਼ਨਜ਼ ਵਲੋਂ ਕੀਤੀਆਂ ਗਈਆਂ ਆਰਥਿਕ ਚੋਣਾਂ ਮਾਰਕੀਟ ਅਤੇ ਸਮਾਜਿਕ ਨਤੀਜਿਆਂ 'ਤੇ ਅਸਰ ਪਾਉਣਗੀਆਂ।

# ਤਬਦੀਲੀ 2 – ਅਸੀਂ ਕੀ ਕਰਾਂਗੇ?

ਇਹ ਪਤਾ ਲਾਉਂਦੀ ਹੈ ਕਿ ਹੋਰਨਾਂ ਨਾਲ ਸਾਡੇ ਸੰਬੰਧ ਕਿਵੇਂ ਬਦਲ ਸਕਦੇ ਹਨ।

**1) ਸੰਕੇਤ: ਕਲਾ ਅਤੇ ਸਭਿਆਚਾਰ**

ਅਦਾਕਾਰੀ ਦੀ ਕਲਾ ਦੀ ਸਿੱਧੀ ਪੇਸ਼ਕਾਰੀ (ਲਾਈਵਸਟ੍ਰੀਮਿੰਗ), ਵੱਡੇ ਬੱਜਟ ਵਾਲੀਆਂ ਪ੍ਰੋਡਕਸ਼ਨਾਂ ਤੋਂ ਲੈ ਕੇ ਆਪਣੇ ਘਰਾਂ ਤੋਂ ਬਰੌਡਕਾਸਟ ਕਰ ਰਹੇ ਕਲਾਕਾਰਾਂ ਤੱਕ ਹਰ ਪੱਧਰ 'ਤੇ ਆਮ ਹੁੰਦੀ ਜਾ ਰਹੀ ਹੈ। ਸਫ਼ਰ ਨਾ ਕਰ ਸਕਣ ਵਾਲੇ ਜਾਂ ਖਾਸ ਲੋੜਾਂ ਵਾਲੇ ਸ੍ਰੋਤਿਆਂ ਦੇ ਤਜਰਬਿਆਂ ਵਿਚ ਵਾਧਾ ਹੋ ਰਿਹਾ ਹੋ ਸਕਦਾ ਹੈ। ਆਮਦਨ ਦੇ ਸਾਧਨ ਵਜੋਂ ਆਰਟਿਸਟਾਂ ਲਈ ਟੂਰ ਘਟਦੇ ਜਾ ਰਹੇ ਹੋ ਸਕਦੇ ਹਨ।



**2) ਸੰਕੇਤ: ਰੁਜ਼ਗਾਰ**

ਔਟੋਮੇਸ਼ਨ ਅਤੇ ਡਿਜੀਟਾਈਜ਼ੇਸ਼ਨ ਕੰਮ ਵਾਲੀਆਂ ਥਾਂਵਾਂ ਨੂੰ ਬੁਨਿਆਦੀ ਤੌਰ 'ਤੇ ਬਦਲ ਰਹੇ ਹਨ, ਜਿਹੜੇ ਨਿਰਮਾਣ, ਆਵਾਜਾਈ, ਸਰਵਿਸ, ਅਤੇ ਨੇਮ ਵਾਲੇ ਪ੍ਰਬੰਧਕੀ ਸੈਕਟਰਾਂ ਦੀਆਂ ਘੱਟ ਹੁਨਰਾਂ ਵਾਲੀਆਂ ਸ਼ੁਰੂਆਤੀ ਪੱਧਰ ਦੀਆਂ ਨੌਕਰੀਆਂ ਦੀ ਥਾਂ ਲੈ ਰਹੇ ਹਨ।ਕੰਮ ਕਰਨ ਵਾਲੇ ਵਿਕਾਸਸ਼ੀਲ ਲੋਕਾਂ ਦੀ ਸਹਾਇਤਾ ਲਈ ਜੀਵਨ ਭਰ ਸਿੱਖਣ ਦੇ ਮੌਕੇ ਮਹੱਤਵਪੂਰਨ ਹਨ।



**3) ਸੰਕੇਤ: ਪੜ੍ਹਾਈ**

ਔਨਲਾਈਨ ਪੜ੍ਹਾਈ ਸਾਰੇ ਪੱਧਰਾਂ ਦੀ ਪੜ੍ਹਾਈ ਦਾ ਇਕ ਆਮ ਹਿੱਸਾ ਬਣਦੀ ਜਾ ਰਹੀ ਹੈ, ਜਿਹੜੀ ਪਰਿਵਾਰਾਂ ਨੂੰ ਇਹ ਪੱਕਾ ਕਰਨ ਲਈ ਮਜ਼ਬੂਰ ਕਰ ਰਹੀ ਹੈ ਕਿ ਡਿਜੀਟਲੀ ਕੰਮ ਕਰਨ ਲਈ ਉਨ੍ਹਾਂ ਕੋਲ ਥਾਂ ਅਤੇ ਸਾਜ਼-ਸਾਮਾਨ ਹੋਵੇ ਅਤੇ ਸੇਵਾਵਾਂ ਤੱਕ ਦੂਰੋਂ ਪਹੁੰਚ ਕਰਨ ਵਾਸਤੇ ਕਈ ਵਰਤੋਂਕਾਰਾਂ ਲਈ ਉਨ੍ਹਾਂ ਕੋਲ ਡੈਟਾ ਪਲੈਨਾਂ ਹੋਣ। ਯੂਨੀਵਰਸਿਟੀਆਂ ਵਿੱਚ ਔਨਲਿਨ ਸਿਖਲਾਈ ਅਤੇ ਡਿਜੀਟਲ ਤਜ਼ਰਬੇ ਸੁਧਾਰੇ ਜਾਣ ਨਾਲ ਵਿਦਿਆਰਥੀਆਂ ਨੂੰ ਕੈਂਪਸਾਂ ਤੋਂ ਦੂਰ ਖਿੱਚਿਆ ਜਾ ਸਕਦਾ ਹੈ ਅਤੇ ਵਿਕਲਪਿਕ ਸਿਖਲਾਈ ਦੇ ਰਸਤੇ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ

**4) ਸੰਕੇਤ: ਖਾਣਾ**

ਖਾਣਾ ਵੈਨਕੂਵਰ ਦੇ ਹਰਿਆਵਲੇ ਸ਼ਹਿਰ ਦੇ ਉਦਮਾਂ ਦਾ ਵਾਤਾਵਰਣ 'ਤੇ ਅਸਰ ਘਟਾਉਣ ਵਾਲੀਆਂ ਨਵੀਂਆਂ ਪਹੁੰਚਾਂ ਦਾ ਹਾਲੇ ਵੀ ਇੱਕ ਜ਼ਰੂਰੀ ਤੱਤ ਹੈ। **ਖਾਣੇ ਦੀ ਅਸੁਰੱਖਿਆ** ਗਰੀਬੀ ਦਾ ਨਤੀਜਾ ਹੈ ਅਤੇ ਇਹ ਸ਼ਹਿਰ ਵਿਚ ਜ਼ਿੰਦਗੀ ਦੇ ਕਿਫਾਇਤੀ ਨਾ ਹੋਣ ਨਾਲ ਜੁੜੀ ਹੋਈ ਹੈ।

# ਤਬਦੀਲੀ 3 – ਅਸੀਂ ਕਿੱਥੇ ਰਹਾਂਗੇ?

ਇਨ੍ਹਾਂ ਸੰਭਾਵਨਾਵਾਂ ਦਾ ਪਤਾ ਲਾਉਂਦੀ ਹੈ ਕਿ ਸੰਬੰਧ ਕਿੱਥੇ ਬਣ ਸਕਦੇ ਹਨ।



**1) ਸੰਕੇਤ: ਹਰ ਇਕ ਚੀਜ਼ ਦੂਰੋਂ**

ਕੰਮ, ਹੈਲਥਕੇਅਰ, ਪੜ੍ਹਾਈ,ਅਤੇ ਰੀਟੇਲ ਲਈ ਔਨਲਾਈਨ ਪਲੇਟਫਾਰਮਾਂ ਵੱਲ ਤਬਦੀਲੀ, ਦਫਤਰਾਂ, ਹਸਪਤਾਲਾਂ, ਸਕੂਲਾਂ ਅਤੇ ਦੁਕਾਨਾਂ ਲਈ ਥਾਂ ਦੀ ਲੋੜ 'ਤੇ ਅਸਰ ਦੇਖੇਗੀ। ਇਸ ਤਬਦੀਲੀ ਨਾਲ 5ਜੀ ਨੈੱਟਵਰਕ ਦੇ ਢੁਕਵੇਂ ਢਾਂਚੇ ਲਈ ਲੋੜ ਵਧ ਜਾਵੇਗੀ।

**2) ਸੰਕੇਤ: ਆਬਾਦੀ ਦੀ ਘਣਤਾ ਵਧਾਉਣ ਦੀਆਂ ਦੁਵਿਦਾਵਾਂ**

ਡੈਨਸਿਟੀ (ਸੰਘਣੇਪਣ) ਦੇ ਹੱਕ ਅਤੇ ਵਿਰੋਧ ਵਿਚ ਲੋਕਾਂ ਵਿਚਕਾਰ ਬਹਿਸ ਜਾਰੀ ਹੈ ਅਤੇ ਇਹ ਵਾਤਾਵਰਣ ਦੀ ਮਹੱਤਤਾ ਅਤੇ ਲਾਗ ਵਾਲੀ ਬੀਮਾਰੀ ਫੈਲਣ ਨਾਲ ਹੋਰ ਵੀ ਗੁੰਝਲਦਾਰ ਹੋ ਗਈ ਹੈ।

**3) ਸੰਕੇਤ: ਰਿਹਾਇਸ਼ੀ ਮਾਡਲ**

ਵਡੇਰੀ ਉਮਰ ਦੀ ਹੋ ਰਹੀ ਆਬਾਦੀ ਲਈ ਘਰਾਂ ਦੀਆਂ ਢੁਕਵੀਂਆਂ ਕਿਸਮਾਂ ਅਤੇ ਟ੍ਰਾਂਸਪੋਰਟੇਸ਼ਨ ਦੇ ਤਰੀਕੇ ਲੱਭਣਾ ਜ਼ਰੂਰੀ ਹੋਵੇਗਾ, ਅਤੇ ਬਹੁਤ ਸਾਰੇ ਲੋਕਾਂ ਦੀ ਆਪਣੇ ਆਂਢ-ਗੁਆਂਢ ਵਿਚ ਹੀ ਰਹਿਣਾ ਜਾਰੀ ਰੱਖਣ ਦੀ ਇੱਛਾ ਰਵਾਇਤੀ ਘਰਾਂ ਦੇ ਜ਼ਿਆਦਾ ਰੂਪਾਂ ਨੂੰ ਜ਼ਰੂਰੀ ਬਣਾ ਦੇਵੇਗੀ। ਇਮੀਗਰੇਸ਼ਨ ਜ਼ਿਆਦਾ ਜਵਾਨ ਪਰਿਵਾਰਾਂ ਨੂੰ ਲਿਆਵੇਗੀ, ਜਿਨ੍ਹਾਂ ਵਿੱਚੋਂ ਕੁਝ ਵਾਤਾਵਰਣ ਨਾਲ ਸੰਬੰਧਿਤ ਅਤੇ ਆਰਥਿਕ ਪਰਵਾਸੀ ਹੋਣਗੇ ਜੋ ਕਿ ਕਿਫਾਇਤੀ ਚੋਣਾਂ ਲੱਭ ਰਹੇ ਹੋਣਗੇ।



**4) ਸੰਕੇਤ: ਇਲਾਕਾਈ ਸੰਬੰਧ**

ਨੌਰਥ ਅਮਰੀਕਾ ਦੇ ਪੱਛਮੀ ਇਲਾਕੇ (ਜਿਸ ਨੂੰ ਕਾਸਕਾਡੀਆ ਵੀ ਕਿਹਾ ਜਾਂਦਾ ਹੈ) ਦੇ ਸ਼ਹਿਰਾਂ/ਸਟੇਟਾਂ ਦੇ ਸਾਂਝੇ ਉੱਦਮ, ਜਿਨ੍ਹਾਂ ਵਿਚ ਹਾਈ-ਸਪੀਡ ਰੇਲ ਬਾਰੇ ਪੜਤਾਲਾਂ ਤੋਂ ਲੈ ਕੇ ਭੁਚਾਲ ਲਈ ਤਿਆਰੀ ਤੱਕ ਸ਼ਾਮਲ ਹਨ, ਸਾਡੇ ਬਾਰਡਰਾਂ ਤੋਂ ਵੀ ਅਗਾਂਹ ਸਥਾਨਾਂ ਦੇ ਭੂਗੋਲਿਕ ਅਤੇ ਸਭਿਆਚਾਰਕ ਸੰਬੰਧਾਂ 'ਤੇ ਜ਼ੋਰ ਦਿੰਦੇ ਹਨ। ਪੈਸੇਫਿਕ ਰਿਮ ਨਾਲ ਅੰਤਰਰਾਸ਼ਟਰੀ ਸੰਬੰਧਾਂ 'ਤੇ ਵੀ ਜ਼ੋਰ ਦਿੱਤਾ ਜਾ ਸਕਦਾ ਹੈ।

# ਤਬਦੀਲੀ 4 – ਚੀਜ਼ਾਂ ਕਿਵੇਂ ਕੰਮ ਕਰਨਗੀਆਂ?

ਸ਼ਹਿਰ ਦੇ ਸਿਸਟਮ ਦੀਆਂ ਢਾਂਚਾਗਤ ਤਬਦੀਲੀਆਂ ਦਾ ਪਤਾ ਲਾਉਂਦੀ ਹੈ।



### 1) ਸੰਕੇਤ: ਸਮਾਰਟ ਸ਼ਹਿਰ

**ਪ੍ਰੀਡਿਕਟਿਵ ਐਨਾਲਿਟਿਕਸ** ਕੋਲ ਖੁੱਲ੍ਹੇ ਪ੍ਰਗਟਾਅ ਤੋਂ ਪਹਿਲਾਂ ਅਣਕਿਹੇ ਨੂੰ ਸਮਝਣ ਦੀ ਸਮਰੱਥਾ ਹੈ। ਨਤੀਜੇ ਵਜੋਂ, ਅਸੀਂ ਸਿਸਟਮਬੱਧ ਅਤੇ ਵਾਲੰਟਰੀ ਨਿਗਰਾਨੀ ਦੀਆਂ ਦੁਨੀਆ ਵਿਚ ਰਹਿੰਦੇ ਹਾਂ। ਡੈਟੇ ਦੀ ਵੱਡੀ ਮਾਤਰਾ, ਫਾਇਦੇਮੰਦ ਵਤੀਰਿਆਂ ਦਾ ਕਾਰਗਰ ਤਰੀਕੇ ਨਾਲ ਪਿੱਛਾ ਕਰਨ ਅਤੇ ਸੇਧ ਦੇਣ ਦੀ ਸ਼ਹਿਰਾਂ ਨੂੰ ਆਗਿਆ ਦਿੰਦੀ ਹੈ, ਪਰ ਸੰਭਵ ਤੌਰ ’ਤੇ ਆਜ਼ਾਦ ਲੋਕਤੰਤਰੀ ਮਹੱਤਤਾ ਦੇ ਨੁਕਸਾਨ ਦੀ ਕੀਮਤ ਉੱਪਰ।

### 2) ਸੰਕੇਤ: ਸਪਲਾਈ ਚੇਨਾਂ

ਗਲੋਬਲ ਸਪਲਾਈ ਚੇਨ ਵਿਚ ਕਮਜ਼ੋਰੀਆਂ ਕਿਸੇ ਸੰਕਟ ਦੌਰਾਨ ਸਾਮ੍ਹਣੇ ਲਿਆਈਆਂ ਜਾਂਦੀਆਂ ਹਨ, ਭਾਵੇਂ ਇਹ ਸੰਕਟ ਕੋਈ ਸਿਹਤ ਐਮਰਜੰਸੀ, ਵਾਤਾਵਰਣ ਦੀ ਆਫਤ, ਵਿੱਤੀ ਮੰਦਾ ਜਾਂ ਹਥਿਆਰਬੰਦ ਲੜਾਈ ਹੋਵੇ। ਜ਼ਰੂਰੀ ਚੀਜ਼ਾਂ ਅਤੇ ਸੇਵਾਵਾਂ ਨੂੰ ਦੁਬਾਰਾ ਸਥਾਨਕ ਪੱਧਰ ’ਤੇ ਤਿਆਰ ਕਰਨ ਦਾ ਵਿਚਾਰ, ਦਹਾਕਿਆਂ ਪੁਰਾਣੀ ਇਸ ਕਾਰੋਬਾਰੀ ਮਹੱਤਤਾ ਨੂੰ ਉਲਟਾਉਂਦਾ ਹੈ ਕਿ ਚੀਜ਼ਾਂ ਜਿੰਨਾ ਵੀ ਸੰਭਵ ਹੋ ਸਕੇ ਕਾਰਗਰ ਤਰੀਕੇ ਨਾਲ ਅਤੇ ਸਸਤੀਆਂ ਪੈਦਾ ਕੀਤੀਆਂ ਜਾਣ। ਡਿਜ਼ੀਟਾਈਜ਼ਡ ਪ੍ਰੋਡਕਸ਼ਨ ਮੰਗ ਵਾਲੀਆਂ ਚੀਜ਼ਾਂ ਦੀ ਜ਼ਿਆਦਾ ਸਪਲਾਈ ਕਰਨ ਦੇ ਯੋਗ ਬਣਾਏਗੀ।



### 3) ਸੰਕੇਤ: ਆਵਾਜਾਈ ਅਤੇ ਬੁਨਿਆਦੀ ਢਾਂਚਾ

ਸ਼ਹਿਰ ਵਿਚ ਦੀ ਅਤੇ ਦੁਨੀਆ ਵਿਚ ਲੋਕਾਂ ਅਤੇ ਚੀਜ਼ਾਂ ਨੂੰ ਮੂਵ ਕਰਨ ਲਈ ਉੱਭਰ ਰਹੀ ਟੈਕਨੌਲੋਜੀ ਅਤੇ ਬਦਲਦੀਆਂ ਲੋੜਾਂ ਅਤੇ ਵਤੀਰਿਆਂ ਨਾਲ ਮੇਲ ਖਾਂਦੇ ਬੁਨਿਆਦੀ ਢਾਂਚੇ ਲਈ ਪੂੰਜੀ ਨਿਵੇਸ਼ ਕੀਤੇ ਜਾਣ ਦੀ ਲੋੜ ਹੈ। ਕਾਰਬਨ-ਨਿਰਪੱਖਤਾ ਹਾਸਲ ਕਰਨ ਲਈ ਕੁਦਰਤੀ ਵਸੀਲਿਆਂ ਨੂੰ ਕਾਇਮ ਰੱਖਣ ਦੇ ਉਪਾਵਾਂ ਵਾਸਤੇ ਤੀਬਰਤਾ ਦੀ ਲੋੜ ਹੈ। ਆਪਣੇ ਆਪ ਚੱਲਣ ਵਾਲੀਆਂ ਕਾਰਾਂ, ਟਰੱਕ ਅਤੇ ਡਲਿਵਰੀ ਕਰਨ ਵਾਲੀਆਂ ਗੱਡੀਆਂ ਸ਼ਹਿਰਾਂ ਵਿਚ ਚੱਲਣਸ਼ੀਲਤਾ ਦੇ ਮਿਲਗੋਭੇ ਨੂੰ ਗੁੰਝਲਦਾਰ ਕਰਨਗੀਆਂ ਜੋ ਕਿ ਪਹਿਲਾਂ ਹੀ ਬਹੁ-ਮਾਡਲੀ ਆਵਾਜਾਈ ਦੇ ਰੂਟਾਂ ਅਤੇ ਮੁੱਖ ਨੈੱਟਵਰਕ ਦੇ ਸਰਕਾਰੀ/ਪ੍ਰਾਈਵੇਟ ਅਧਿਕਾਰ ਖੇਤਰਾਂ ਨੂੰ ਕੰਟਰੋਲ ਕਰਨ ਲਈ ਜੱਦੋਜਹਿਦ ਕਰ ਰਹੇ ਹਨ।

### 4) ਸੰਕੇਤ: ਕੂੜਾ ਕਰਕਟ

ਵੈਨਕੂਵਰ ਦੀ ਜ਼ੀਰੋ ਵੇਸਟ ਕਮਿਉਨਟੀ ਬਣਾਉਣ, ਵਸੀਲਿਆਂ ਦੀ ਕਦਰ ਕਰਨ ਅਤੇ 2040 ਤੱਕ **ਸਰਕੂਲਰ ਇਕੌਨਮੀ** ਦੀ ਹਿਮਾਇਤ ਕਰਨ ਦੀ ਇੱਛਾ ਤੀਬਰੀਕਰਨ ਅਤੇ ਲਗਾਤਾਰ ਵਚਨਬੱਧਤਾ ਦੀ ਮੰਗ ਕਰਦੀ ਹੈ ਕਿਉਂਕਿ ਆਰਥਿਕ ਅਸਿਥਰਤਾ ਅਤੇ ਡਰ ’ਤੇ ਆਧਾਰਿਤ ਵਤੀਰਿਆਂ ਵਿਚ ਤਬਦੀਲੀਆਂ ਪੌਲਸੀ ’ਤੇ ਅਸਰ ਪਾਉਂਦੀਆਂ ਹਨ।

# ਤਬਦੀਲੀ 5 – ਸਮਾਜ ਕਿਵੇਂ ਬਦਲੇਗਾ?

ਉਨ੍ਹਾਂ ਵੱਡੀਆਂ ਸਾਂਝੀਆਂ ਚੁਣੌਤੀਆਂ ਦਾ ਪਤਾ ਲਾਉਂਦੀ ਹੈ ਜਿਨ੍ਹਾਂ ਦਾ ਸਾਮ੍ਹਣਾ ਸਾਨੂੰ ਕਰਨਾ ਪੈ ਸਕਦਾ ਹੈ।




**1) ਸੰਕੇਤ: ਨਵੀਂ ਆਰਥਿਕਤਾ**

ਮੌਜੂਦਾ ਮਹਾਂਮਾਰੀ ਨਾਲ, ਵੱਡੇ ਪੱਧਰ ’ਤੇ ਨੌਕਰੀਆਂ ਦੇ ਨੁਕਸਾਨ ਅਤੇ ਸਰਕਾਰ ਵਲੋਂ ਐਮਰਜੰਸੀ ਲਈ ਕੀਤੇ ਗਏ ਖਰਚਿਆਂ ਕਾਰਨ ਪਹਿਲਾਂ ਹੀ ਮੌਜੂਦ ਰੁਝਾਨ ਤੇਜ਼ ਹੋ ਗਏ ਹਨ। ਇਹ ਫਿਕਰ ਹੈ ਕਿ ਅਗਲੇ ਦਹਾਕੇ ਦੌਰਾਨ ਕਮਜ਼ੋਰ ਰਿਕਵਰੀ ਆਰਥਿਕ ਮੰਦਵਾੜੇ ਵਿਚ ਤਬਦੀਲ ਹੋ ਸਕਦੀ ਹੈ।

**2) ਸੰਕੇਤ: ਸ਼ਾਸਨ**

ਟੈਕਨੌਲੋਜੀ ਕੋਲ ਡੈਟਾ ਕੈਪਚਰ ਕਰਨ ਵਾਲੇ ਸੈਂਸਰਾਂ, ਬਲੌਕਚੈਨ ਵੈਰੀਫੀਕੇਸ਼ਨ ਅਤੇ ਇਸ ਦੇ ਨਾਲ ਨਾਲ ਸੋਸ਼ਲ ਮੀਡੀਆ ਦੀ ਨਿਗਰਾਨੀ ਦੀ ਵਰਤੋਂ ਨਾਲ ਜ਼ਿਆਦਾ ਪਹੁੰਚਯੋਗ ਅਤੇ ਜ਼ਿਆਦਾ ਜਵਾਬਦੇਹ ਸੰਸਥਾਵਾਂ ਤਿਆਰ ਕਰਨ ਦੀ ਸੰਭਾਵਨਾ ਹੈ। ਸ਼ਾਸਨ ਦੇ ਹਿੱਸਾ ਲੈਣ ਵਾਲੇ ਮਾਡਲ ਜਿਹੜੇ ਨਾਗਰਿਕ-ਸਰਕਾਰ ਵਲੋਂ ਸਹਿਯੋਗ ਨਾਲ ਫੈਸਲੇ ਕਰਨ ਨੂੰ ਸ਼ਾਮਲ ਕਰਨ ਲਈ ਜਾਣਕਾਰੀ ਲੈਣ ਵਾਸਤੇ ਸੀਮਾਵਾਂ ਨੂੰ ਵਧਾਉਂਦੇ ਹਨ, ਉਹ ਕੁਝ ਇਲਾਕਿਆਂ ਵਿਚ ਅਪਣਾਏ ਜਾ ਰਹੇ ਹਨ।

**3) ਸੰਕੇਤ: ਸੁਰੱਖਿਆ ਅਤੇ ਹਿਫਾਜ਼ਤ**

ਆਰਥਿਕ ਨਾਬਰਾਬਰੀ, ਭ੍ਰਿਸ਼ਟਾਚਾਰ, ਅਤੇ ਵਾਤਾਵਰਣ ਵਿਚ ਤਬਦੀਲੀ ਦੇ ਅਸਿਹ ਹੋਣ ਨਾਲ ਦੁਨੀਆ ਭਰ ਦੇ ਲੋਕਾਂ ਵਿਚ ਬੇਚੈਨੀ ਬਹੁਤ ਵਧ ਰਹੀ ਹੈ, ਜਿਸ ਕਰਕੇ ਸ਼ਾਂਤਮਈ ਅੰਦੋਲਨ ਦੇ ਨਾਲ ਨਾਲ ਗਲੀਆਂ ਵਿਚ ਖਤਰਨਾਕ ਪ੍ਰਦਰਸ਼ਨ ਹੋ ਰਹੇ ਹਨ। ਰੰਗਦਾਰ ਲੋਕਾਂ ਨਾਲ ਗਾਲੀ ਗਲੋਚ ਅਤੇ ਸਰੀਰਕ ਹਮਲੇ ਨਸਲਵਾਦੀ ਭਾਸ਼ਣਕਾਰੀ ਦਾ ਹਿੱਸਾ ਹਨ ਜਿਹੜੇ ਗੈਰ-ਚਿੱਟੇ ਲੋਕਾਂ ਨੂੰ, ਸਮਝੇ ਜਾਂਦੇ ਵੱਖ ਵੱਖ ਖਤਰਿਆਂ ਲਈ ਬਲੀ ਦਾ ਬੱਕਰਾ ਬਣਾਉਂਦੇ ਹਨ ਅਤੇ ਕੁਝ ਨੇਤਾਵਾਂ ਵਲੋਂ ਇਸ ਨੂੰ ਸ਼ਹਿ ਦਿੱਤੀ ਜਾ ਰਹੀ ਹੈ। ਰਫਿਊਜੀ ਅਤੇ ਪ੍ਰਵਾਸੀ ਕਾਮੇ ਖਾਸ ਤੌਰ ’ਤੇ ਖਤਰੇ ਵਿਚ ਹਨ।




**4) ਸੰਕੇਤ: ਵਾਤਾਵਰਣ ਦੀ ਐਮਰਜੰਸੀ**

ਮਹਾਂਮਾਰੀ ਤੋਂ ਬਾਅਦ ਇਕੋਨਮੀਆਂ ਨੂੰ ਦੁਬਾਰਾ ਖੜ੍ਹੀਆਂ ਕਰਨ ਲਈ **ਗਰੀਨ ਸਟਿਮੁਲੱਸ** (ਹਰੀ ਹੱਲਾਸ਼ੇਰੀ) ਲਈ ਐਕਸ਼ਨ ਦਾ ਗਲੋਬਲ ਸੱਦਾ ਵਾਤਾਵਰਣ ਪ੍ਰੇਮੀਆਂ, ਲੇਬਰ ਲੀਡਰਾਂ ਅਤੇ ਬਿਜ਼ਨਸਾਂ ਵਲੋਂ ਇਕ ਸਮਾਨ ਦਿੱਤਾ ਗਿਆ ਹੈ, ਅਤੇ ਇਸ ਦੀ ਜਾਰੀ ਰਹਿਣ ਯੋਗਤਾ ਬਾਰੇ ਲੰਮੇ ਸਮੇਂ ਲਈ ਸਿੱਟੇ ਨਿਕਲਣਗੇ। ਨਵੇਂ ਤਰੀਕਿਆਂ ਨੂੰ ਹੱਲਾਸ਼ੇਰੀ ਦੇਣ ਲਈ ਅਤੇ ਡੀ-ਕਾਰਬੋਨਾਈਜ਼ੇਸ਼ਨ ਨੂੰ ਤੇਜ਼ ਕਰਨ ਲਈ ਗਰੀਨ ਇਨਫਰਾਸਟਰੱਕਚਰ ਵਿਚ ਜੁਗਤੀ ਪੂੰਜੀ ਨਿਵੇਸ਼ ਅਤੇ ਸੰਬੰਧਿਤ ਇੰਡਸਟਰੀਆਂ ਵਿਚ ਚੰਗੀ ਤਨਖਾਹ ਵਾਲੀਆਂ ਨੌਕਰੀਆਂ ਦਾ ਵਾਧਾ ਵੱਡੇ ਮੌਕੇ ਹਨ।

# ਸ਼ਬਦਾਵਲੀ

### ਸਰਕੁਲਰ ਇਕੌਨਮੀ

ਰਵਾਇਤੀ ਲਕੀਰਬੱਧ ਬਣਾਉ-ਵਰਤੋ-ਸੁੱਟੋ ਆਰਥਿਕ ਮਾਡਲ ਦਾ ਬਦਲ ਜਿਹੜਾ ਵਸੀਲਿਆਂ ਨੂੰ ਜਿੰਨਾ ਵੀ ਸੰਭਵ ਹੋਵੇ ਵੱਧ ਤੋਂ ਵੱਧ ਸਮੇਂ ਲਈ ਵਰਤੋਂ ਵਿਚ ਰੱਖਦਾ ਹੈ, ਵਰਤੋਂ ਦੌਰਾਨ ਵੱਧ ਤੋਂ ਵੱਧ ਫਾਇਦਾ ਲੈਂਦਾ ਹੈ, ਫਿਰ ਕੁਦਰਤੀ ਵਿਵਸਥਾਵਾਂ ਨੂੰ ਮੁੜ ਪ੍ਰਾਪਤ ਕਰਦਾ ਅਤੇ ਨਵੇਂ ਰੂਪ ਦਿੰਦਾ ਹੈ।

### ਫੂਡ ਇਨਸਕਿਉਰਟੀ (ਖਾਣੇ ਦੀ ਅਸੁਰੱਖਿਆ)

ਕਿਫਾਇਤੀ ਨਰੋਈ ਖੁਰਾਕ ਦੀ ਢੁਕਵੀਂ ਮਾਤਰਾ ਤੱਕ ਪਹੁੰਚ ਕਰਨ ਦੀ ਅਸਮਰੱਥਾ।

### ਫੋਰਸਾਈਟ (ਦੂਰ-ਅੰਦੇਸ਼ੀ)

ਸੰਭਵ ਬਦਲਵੀਂਆਂ ਹਾਲਤਾਂ ਦਾ ਪਤਾ ਲਾ ਕੇ ਅਤੇ ਉਹ ਹਾਲਤਾਂ ਵਾਪਰਨ ਤੇ ਪੈਦਾ ਹੋ ਸਕਣ ਵਾਲੇ ਸੰਭਵ ਅਸਰਾਂ ਅਤੇ ਬੇਯਕੀਨੀਆਂ ਦੀ ਅਸੈੱਸਮੈਂਟ ਕਰਕੇ ਭਵਿੱਖ ਲਈ ਤਿਆਰੀ ਕਰਨ ਦਾ ਇਕ ਤਰੀਕਾ।

### ਗਰੀਨ ਸਟਿਮੁਲੱਸ (ਹਰੀ ਹੱਲਾਸ਼ੇਰੀ)

ਸਰਕਾਰ ਵਲੋਂ ਵਾਤਾਵਰਣਕ-ਆਰਥਿਕ ਉੱਦਮਾਂ ਦਾ ਇਕ ਪੈਕੇਜ।

### ਪ੍ਰੀਡਿਕਟਿਵ ਐਨਾਲਿਟਿਕਸ

ਇਸ ਵਿਚ ਭਵਿੱਖ ਬਾਰੇ ਭਵਿੱਖਬਾਣੀਆਂ ਕਰਨ ਲਈ ਮੌਜੂਦਾ ਜਾਂ ਇਤਿਹਾਸਕ ਤੱਥਾਂ ਦਾ ਵਿਸ਼ਲੇਸ਼ਣ ਕਰਨ ਲਈ ਟੈਕਨੀਕਲ ਪਹੁੰਚਾਂ ਸ਼ਾਮਲ ਹੋ ਸਕਦੀਆਂ ਹਨ, ਜਿਵੇਂ ਕਿ ਅੰਕੜਿਆਂ ਦਾ ਵਿਸ਼ਲੇਸ਼ਣ, ਮੌਡਲਿੰਗ, ਜਾਂ ਡੈਟਾ ਇਕੱਠਾ ਕਰਨਾ, ਅਤੇ ਹੋਰ।

### ਸਾਨੈਰੀਓ ਪਲੈਨਿੰਗ ਇਨ ਫੋਰਸਾਈਟ

- ਵਿਸਥਾਰ ਪੂਰਵਕ ਅਧਿਐਨ ਰਾਹੀਂ ਅਤੇ ਰੁਝਾਨਾਂ ਅਤੇ ਤਬਦੀਲੀ ਦੇ ਜਾਣੇ ਜਾਂਦੇ ਚਾਲਕਾਂ, ਜਿਨ੍ਹਾਂ ਦੀ ਤੁਲਨਾ ਅਤੇ ਅਸੈੱਸਮੈਂਟ ਕੀਤੀ ਜਾ ਸਕਦੀ ਹੋਵੇ, ਦਾ ਪਤਾ ਲਾ ਕੇ ਸੰਭਵ ਭਵਿੱਖਾਂ ਦੀ ਕਲਪਨਾ ਕਰਨ ਦਾ ਇਕ ਕਾਰਜ।
- ਖਤਰਿਆਂ ਦਾ ਅਨੁਮਾਨ ਲਾਉਣ, ਮੌਕੇ ਲੱਭਣ, ਅਤੇ ਸ਼ਹਿਰ ਦੇ ਭਵਿੱਖ ਲਈ ਸਾਂਝਾ ਵਿਜ਼ਨ ਉਸਾਰਨ ਦਾ ਇਕ ਤਰੀਕਾ।

### ਅਨਕਵਰਿੰਗ ਦਿ ਫਿਊਚਰ (ਭਵਿੱਖ ਤੋਂ ਪਰਦਾ ਚੁੱਕਣਾ)

ਤਬਦੀਲੀ ਦੀਆਂ ਉੱਭਰ ਰਹੀਆਂ ਅਤੇ ਘੱਟ ਨਿਸ਼ਚਤ ਨਿਸ਼ਾਨੀਆਂ ਦੀ ਉਡੀਕ ਕਰਨਾ ਜਿਨ੍ਹਾਂ ਦੇ ਸਮੇਂ ਨਾਲ ਵੱਡੇ ਪ੍ਰਭਾਵ ਹੋ ਸਕਦੇ ਹਨ।